**Drugs for Dementia**

# ਡਿਮੈਂਸ਼ੀਆ ਲਈ ਦਵਾਈਆਂ

*ਡਿਮੈਂਸ਼ੀਆ ਦੀਆਂ ਦਵਾਈਆਂ ਕੀ ਹੁੰਦੀਆਂ ਹਨ?*

ਡਿਮੈਂਸ਼ੀਆ ਦੀਆਂ ਦਵਾਈਆਂ ਡਿਮੈਂਸ਼ੀਆ ਦੇ ਲੱਛਣਾਂ, ਖਾਸ ਕਰਕੇ ਅਲਜ਼ਾਈਮਰ ਰੋਗ, ਡਿਮੈਂਸ਼ੀਆ ਦਾ ਸਭ ਤੋਂ ਆਮ ਰੂਪ, ਦੇ ਪ੍ਰਬੰਧਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਹਨ। ਕਿਉਂਕਿ ਅਲਜ਼ਾਈਮਰ ਰੋਗ ਦਾ ਕੋਈ ਇਲਾਜ ਨਹੀਂ ਹੈ, ਇਹਨਾਂ ਦਵਾਈਆਂ ਦੇ ਮੁੱਖ ਉਦੇਸ਼ ਡਿਮੈਂਸ਼ੀਆ ਨਾਲ ਪੀੜਤ ਵਿਅਕਤੀ ਅਤੇ ਉਹਨਾਂ ਦੇ ਦੇਖਭਾਲ ਕਰਨ ਵਾਲਿਆਂ ਲਈ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਹੈ। ਇਹ ਦਵਾਈਆਂ ਮਾਨਸਿਕ ਸਮਰੱਥਾ ਵਿੱਚ ਆਉਣ ਵਾਲੀ ਕਮੀ ਨੂੰ ਹੌਲੀ ਕਰ ਸਕਦੀਆਂ ਹਨ, ਵਿਵਹਾਰ ਸੰਬੰਧੀ ਲੱਛਣਾਂ ਦਾ ਪ੍ਰਬੰਧਨ ਕਰ ਸਕਦੀਆਂ ਹਨ ਅਤੇ ਕੁਝ ਨਿਸ਼ਚਤ ਲਛਣਾਂ ਜਾਂ ਨਾਲ-ਨਾਲ ਹੋਣ ਵਾਲੀਆਂ ਹੋਰ ਬੀਮਾਰੀਆਂ ਦਾ ਇਲਾਜ ਕਰ ਸਕਦੀਆਂ ਹਨ।

ਅਲਜ਼ਾਈਮਰ ਰੋਗ ਦੇ ਲੱਛਣਾਂ ਦੇ ਪ੍ਰਬੰਧਨ ਲਈ ਦੋ ਤਰ੍ਹਾਂ ਦੀਆਂ ਡਿਮੈਂਸ਼ੀਆ ਦਵਾਈਆਂ ਹਨ:

- **ਐਸੀਟਾਈਲਕੋਲੀਨੈਸਟੇਰੇਸ (AChE) ਇਨਿਹਿਬਟਰਸ** *(ਡੋਨੈਪੇਜ਼ਿਲ, ਗੈਲੈਂਟਾਮੀਨ, ਰਿਵਾਸਟਿਗਮੀਨ)*: ਇਹ ਦਵਾਈਆਂ ਐਸੀਟਾਈਲਕੋਲੀਨ ਦੇ ਟੁੱਟਣ ਨੂੰ ਰੋਕਦੀਆਂ ਹਨ, ਜੋ ਕਿ ਯਾਦਦਾਸ਼ਤ ਅਤੇ ਸੋਚ ਲਈ ਮਹੱਤਵਪੂਰਨ ਦਿਮਾਗੀ ਰਸਾਇਣ ਹੈ। ਇਹਨਾਂ ਦਵਾਈਆਂ ਨੂੰ ਹਲਕੇ ਤੋਂ ਦਰਮਿਆਨੀ ਅਲਜ਼ਾਈਮਰ ਦੇ ਲੱਛਣਾਂ ਲਈ ਤਜਵੀਜ਼ ਕੀਤਾ ਜਾਂਦਾ ਹੈ।
- **NMDA ਐਂਟਾਗੋਨਿਸਟ** *(ਮੈਮੈਂਟੀਨ)*: ਇਹ ਦਵਾਈ ਗਲੂਟਾਮੇਟ ਨਾਮਕ ਵਾਧੂ ਦਿਮਾਗੀ ਰਸਾਇਣ ਨਾਲ ਜੁੜੇ ਜ਼ਹਿਰੀਲੇ ਪ੍ਰਭਾਵਾਂ ਨੂੰ ਰੋਕਦੀ ਹੈ ਅਤੇ ਇਸਦੀ ਕਿਰਿਆਸ਼ੀਲਤਾ ਨੂੰ ਨਿਯੰਤ੍ਰਿਤ ਕਰਦੀ ਹੈ। ਇਸ ਦਵਾਈ ਨੂੰ ਦਰਮਿਆਨੀ ਤੋਂ ਗੰਭੀਰ ਅਲਜ਼ਾਈਮਰ ਦੇ ਲੱਛਣਾਂ ਲਈ ਤਜਵੀਜ਼ ਕੀਤਾ ਜਾਂਦਾ ਹੈ।

ਹੋਰ ਦਵਾਈਆਂ ਡਿਮੈਂਸ਼ੀਆ ਵਾਲੇ ਮਰੀਜ਼ਾਂ ਵਿੱਚ ਵੀ ਵਰਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿੱਚ ਵਿਵਹਾਰਕ ਅਤੇ ਮਨੋਵਿਗਿਆਨਕ ਲੱਛਣ ਹੁੰਦੇ ਹਨ। ਐਂਟੀਸਾਇਕੋਟਿਕਸ ਅਤੇ ਐਂਟੀਡਿਪ੍ਰੈੱਸੈਂਟ ਦੀ ਵਰਤੋਂ ਚਿੰਤਾ, ਵਧੀ ਹੋਈ ਬੇਚੈਨੀ, ਹਿੰਸਾਤਮਕ ਵਿਹਾਰ, ਭਰਮ ਅਤੇ ਭੁਲੇਖੇ ਵਰਗੇ ਲੱਛਣਾਂ ਦੇ ਪ੍ਰਬੰਧਨ ਲਈ ਕੀਤੀ ਜਾ ਸਕਦੀ ਹੈ।

*ਆਮ ਮਾੜੇ ਪ੍ਰਭਾਵ ਕੀ ਹਨ?*

| ਡਿਮੈਂਸ਼ੀਆ ਦਵਾਈਆਂ ਦੀਆਂ ਕਿਸਮਾਂ | ਆਮ ਮਾੜੇ ਪ੍ਰਭਾਵ | ਟਿੱਪਣੀਆਂ |
|---|---|---|
| **ਐਸੀਟਾਈਲਕੋਲੀਨੈਸਟੇਰੇਸ ਇਨਿਹਿਬਟਰਸ**<br><br>ਡੋਨੈਪੇਜ਼ਿਲ, ਗੈਲੈਂਟਾਮੀਨ, ਰਿਵਾਸਟਿਗਮੀਨ | ➢ ਦਸਤ<br>➢ ਮਤਲੀ ਅਤੇ ਉਲਟੀਆਂ<br>➢ ਭੁੱਖ ਘੱਟ ਲੱਗਣਾ<br>➢ ਸਿਰ ਦਰਦ<br>➢ ਸੁਸਤੀ<br>➢ ਚੱਕਰ ਆਉਣਾ<br>➢ ਨੀਂਦ ਵਿੱਚ ਵਿਘਨ<br>➢ ਡਰਾਉਣੇ ਅਤੇ ਅਸਧਾਰਨ ਸੁਪਨੇ<br>➢ ਮਾਸਪੇਸ਼ੀਆਂ ਵਿੱਚ ਕੜਵੱਲ | ਭੋਜਨ ਨਾਲ ਲੈਣਾ ਚਾਹੀਦਾ ਹੈ, ਸੰਭਵ ਹੋਵੇ ਤਾਂ ਪੂਰਾ ਖਾਣਾ ਖਾਣ ਤੋਂ ਬਾਅਦ, ਤਾਂ ਜੋ ਪੇਟ ਸਬੰਧਤ ਸਮੱਸਿਆਵਾਂ ਘਟ ਸਕਣ। |
| **NMDA ਐਂਟਾਗੋਨਿਸਟ**<br><br>ਮੇਮੈਂਟੀਨ | ➢ ਸਿਰ ਦਰਦ<br>➢ ਕਬਜ਼<br>➢ ਸੁਸਤੀ<br>➢ ਚੱਕਰ ਆਉਣਾ<br>➢ ਉਲਝਣ<br>➢ ਥਕਾਵਟ<br>➢ ਭਾਰ ਵਧਣਾ<br>➢ ਪਿਸ਼ਾਬ ਕਰਨ ਵਿੱਚ ਮੁਸ਼ਕਲ | ਇਹ ਦਵਾਈ ਭੋਜਨ ਨਾਲ ਜਾਂ ਭੋਜਨ ਤੋਂ ਬਿਨਾਂ ਲਈ ਜਾ ਸਕਦੀ ਹੈ, ਪਰ ਹਰ ਰੋਜ਼ ਇੱਕੋ ਸਮੇਂ ਤੇ ਲੈਣਾ ਵਧੀਆ ਹੈ। |

***ਕੀ ਮੈਂ ਡਿਮੈਂਸ਼ੀਆ ਦੀ ਦਵਾਈ ਛੱਡ ਸਕਦਾ/ਸਕਦੀ ਹਾਂ?***

ਡਿਮੈਂਸ਼ੀਆ ਦੀਆਂ ਦਵਾਈਆਂ ਨੂੰ ਬੰਦ ਕਰਨਾ ਆਪਣੇ ਡਾਕਟਰਾਂ ਨਾਲ ਸਲਾਹ ਕੀਤੇ ਬਿਨਾਂ ਨਹੀਂ ਕਰਨਾ ਚਾਹੀਦਾ। ਇਹ ਦਵਾਈਆਂ ਲੱਛਣਾਂ ਨੂੰ ਪ੍ਰਬੰਧਨ ਕਰਨ ਅਤੇ ਮਾਨਸਿਕ ਸਮਰੱਥਾ ਨੂੰ ਬਣਾਈ ਰੱਖਣ ਲਈ ਤਿਆਰ ਕੀਤੀਆਂ ਗਈਆਂ ਹਨ ਅਤੇ ਇਹਨਾਂ ਨੂੰ ਅਚਾਨਕ ਛੱਡਣ ਨਾਲ ਲੱਛਣ ਵਿਗੜ ਸਕਦੇ ਹਨ।

*ਮੈਨੂੰ ਆਪਣੀਆਂ ਡਿਮੈਂਸ਼ੀਆ ਦਵਾਈਆਂ ਕਿੰਨੀ ਦੇਰ ਤੱਕ ਲੈਣੀਆਂ ਪੈਣਗੀਆਂ?*

ਇਲਾਜ ਦੀ ਮਿਆਦ ਵਿਅਕਤੀ, ਬਿਮਾਰੀ ਦੀ ਪ੍ਰਗਤੀ ਅਤੇ ਵਰਤੀ ਜਾ ਰਹੀ ਦਵਾਈ ਦੇ ਆਧਾਰ 'ਤੇ ਵੱਖ-ਵੱਖ ਹੁੰਦੀ ਹੈ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਇਲਾਜ ਦੀ ਢੁਕਵੀਂ ਮਿਆਦ ਬਾਰੇ ਮਾਰਗਦਰਸ਼ਨ ਕਰੇਗਾ। ਇਹ ਸਮਝਣਾ ਮਹੱਤਵਪੂਰਨ ਹੈ ਕਿ ਇਹ ਦਵਾਈਆਂ ਇਲਾਜ ਨਹੀਂ ਹਨ ਪਰ ਬਿਮਾਰੀ ਦੀ ਪ੍ਰਗਤੀ ਨੂੰ ਪ੍ਰਬੰਧਿਤ ਕਰਨ ਅਤੇ ਹੌਲੀ ਕਰਨ ਵਿੱਚ ਮਦਦ ਕਰਦੀਆਂ ਹਨ।

ਜਦੋਂ ਡਿਮੈਂਸ਼ੀਆ ਉਸ ਪੜਾਅ 'ਤੇ ਪਹੁੰਚ ਜਾਂਦਾ ਹੈ ਜਿੱਥੇ ਮਰੀਜ਼ ਸਾਰੀਆਂ ਬੁਨਿਆਦੀ ਰੋਜ਼ਾਨਾ ਗਤੀਵਿਧੀਆਂ ਲਈ ਦੂਜਿਆਂ 'ਤੇ ਪੂਰੀ ਤਰ੍ਹਾਂ ਨਿਰਭਰ ਹੋ ਜਾਂਦਾ ਹੈ ਅਤੇ ਇਹਨਾਂ ਦਵਾਈਆਂ ਦਾ ਮੁੱਖ ਉਦੇਸ਼, ਬੋਧਾਤਮਕ ਅਤੇ ਕਾਰਜਸ਼ੀਲ ਯੋਗਤਾਵਾਂ ਨੂੰ ਬਣਾਈ ਰੱਖਣਾ, ਹਾਸਲ ਕਰਨਾ ਸੰਭਵ ਨਾ ਰਹੇ, ਤਾਂ ਦਵਾਈ ਨੂੰ ਬੰਦ ਕਰਨ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ, ਆਪਣੇ ਡਾਕਟਰਾਂ ਦੀ ਅਗਵਾਈ ਤੋਂ ਬਿਨਾਂ ਕਦੇ ਵੀ ਆਪਣੇ ਆਪ ਦਵਾਈਆਂ ਨੂੰ ਬੰਦ ਕਰਨ ਦੀ ਕੋਸ਼ਿਸ਼ ਨਾ ਕਰੋ।

*ਜੇ ਮਰੀਜ਼ ਆਪਣੀਆਂ ਡਿਮੈਂਸ਼ੀਆ ਦੀਆਂ ਦਵਾਈਆਂ ਲੈਣ ਤੋਂ ਇਨਕਾਰ ਕਰ ਦੇਵੇ ਤਾਂ ਦੇਖਭਾਲ ਕਰਨ ਵਾਲੇ ਨੂੰ ਕੀ ਕਰਨਾ ਚਾਹੀਦਾ ਹੈ?*

ਜੇਕਰ ਕੋਈ ਮਰੀਜ਼ ਦਵਾਈ ਲੈਣ ਤੋਂ ਇਨਕਾਰ ਕਰਦਾ ਹੈ, ਤਾਂ ਦੇਖਭਾਲ ਕਰਨ ਵਾਲਿਆਂ ਲਈ ਇਹ ਮਹੱਤਵਪੂਰਣ ਹੈ ਕਿ ਉਹ ਧੀਰਜ ਅਤੇ ਸਮਝ ਨਾਲ ਇਸ ਸਥਿਤੀ ਨੂੰ ਹੱਲ ਕਰਨ। ਖੁੱਲ੍ਹੀ ਗੱਲਬਾਤ ਬਹੁਤ ਜ਼ਰੂਰੀ ਹੈ। ਦਵਾਈ ਦੇ ਮਹੱਤਵ, ਇਸਦੇ ਲਾਭ ਅਤੇ ਨਾ ਲੈਣ ਨਾਲ ਹੋ ਸਕਦੇ ਖਤਰੇ ਬਾਰੇ ਗੱਲ ਕਰੋ। ਜੇਕਰ ਮਰੀਜ਼ ਇਨਕਾਰ ਕਰਨਾ ਜਾਰੀ ਰੱਖਦਾ ਹੈ, ਤਾਂ ਗੱਲਬਾਤ ਵਿੱਚ ਡਾਕਟਰ ਜਾਂ ਮਾਨਸਿਕ ਸਿਹਤ ਪੇਸ਼ੇਵਰ ਨੂੰ ਸ਼ਾਮਲ ਕਰਨਾ ਮਦਦਗਾਰ ਹੋ ਸਕਦਾ ਹੈ। ਉਹ ਹੋਰ ਜਾਣਕਾਰੀ ਅਤੇ ਭਰੋਸਾ ਪ੍ਰਦਾਨ ਕਰ ਸਕਦੇ ਹਨ, ਜਾਂ ਲੋੜ ਪੈਣ 'ਤੇ ਵਿਕਲਪਕ ਇਲਾਜ ਸੁਝਾ ਸਕਦੇ ਹਨ। ਯਾਦ ਰੱਖੋ, ਮਰੀਜ਼ ਦੀ ਖੁਦਮੁਖਤਿਆਰੀ ਅਤੇ ਭਾਵਨਾਵਾਂ ਦਾ ਸਤਿਕਾਰ ਕਰਨਾ ਬਹੁਤ ਜ਼ਰੂਰੀ ਹੈ ਨਾਲ ਹੀ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

| <u>ਕਰੋ</u> |
| --- |
| 1. ਡਾਕਟਰ ਦੀ ਹਦਾਇਤਾਂ ਦੀ ਪਾਲਣਾ ਸਖ਼ਤੀ ਨਾਲ ਕਰੋ। |
| 2. ਦਵਾਈ ਲੈਣ ਤੋਂ ਪਹਿਲਾਂ ਉਸਦਾ ਨਾਂ, ਖ਼ੁਰਾਕ, ਤੇ ਬਾਰੰਬਾਰਤਾ ਆਦਿ ਧਿਆਨ ਨਾਲ ਜਾਂਚੋ। |
| 3. ਨੁਸਖ਼ੇ ਦੇ ਲੇਬਲ ਨੂੰ ਧਿਆਨ ਨਾਲ ਪੜ੍ਹੋ। |
| 4. ਖ਼ੁਰਾਕ, ਸੰਕੇਤ, ਨਿਰੋਧ ਅਤੇ ਮਾੜੇ ਪ੍ਰਭਾਵਾਂ ਵੱਲ ਧਿਆਨ ਦਿਓ। |
| 5. ਦਵਾਈ ਲੈਣ ਦਾ ਢੰਗ ਸਮਝੋ। |
| 6. ਆਪਣੀ ਦਵਾਈ ਨੂੰ ਸਹੀ ਢੰਗ ਨਾਲ ਸਟੋਰ ਕਰੋ। |
| 7. ਨਿਰਧਾਰਤ ਕੋਰਸ ਪੂਰਾ ਕਰੋ ਜਦੋਂ ਤੱਕ ਕਿ ਹੋਰ ਨਿਰਦੇਸ਼ ਨਾ ਦਿੱਤੇ ਜਾਣ। |
| 8. ਜੇ ਕੋਈ ਸਵਾਲ ਹੋਣ, ਤਾਂ ਆਪਣੇ ਪਰਿਵਾਰ ਨਾਲ ਗੱਲ ਕਰੋ ਜਾਂ ਸਿਹਤ ਸੰਭਾਲ ਮਾਹਿਰਾਂ ਨਾਲ ਸਲਾਹ ਕਰੋ। |

| <u>ਨਾ ਕਰੋ</u> |
|---|
| 1. ਆਪਣੀ ਦਵਾਈ ਦੀ ਖੁਰਾਕ ਆਪਣੇ ਆਪ ਨਾ ਬਦਲੋ। |
| 2. ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈ ਲੈਣੀ ਬੰਦ ਨਾ ਕਰੋ। |
| 3. ਦਵਾਈ ਨਾਲ ਸ਼ਰਾਬ ਨਾ ਪਿਓ। |
| 4. ਦਵਾਈ ਨੂੰ ਕਿਸੇ ਹੋਰ ਬੋਤਲ ਵਿੱਚ ਨਾ ਰੱਖੋ। |
| 5. ਡਾਕਟਰ ਦੀ ਹਦਾਇਤ ਤੋਂ ਬਿਨਾਂ ਹੋਰ ਦਵਾਈ ਨਾ ਲਵੋ। |
| 6. ਡਾਕਟਰ ਨੂੰ ਆਪਣੀ ਦਵਾਈ ਲੈਣ ਦੀ ਪਾਬੰਦੀ ਬਾਰੇ ਝੂਠ ਨਾ ਬੋਲੋ। |

ਇਹ ਦਸਤਾਵੇਜ਼ ਮੂਲ ਅੰਗਰੇਜ਼ੀ ਸੰਸਕਰਣ ਦਾ ਅਨੁਵਾਦ ਹੈ। ਕਿਸੇ ਵੀ ਅੰਤਰ ਜਾਂ ਅਸੰਗਤਤਾ ਦੀ ਸਿਥਤੀ ਵਿੱਚ, ਅੰਗਰੇਜ਼ੀ ਸੰਸਕਰਣ ਪ੍ਰਬਲ ਹੋਵੇਗਾ।